Fresno ਕਾਉਂਟੀ ਦੀਆਂ ਸਰਕਾਰੀ ਵੋਟ ਪਰਚੀਆਂ ਅਤੇ ਚੋਣ ਸੰਬੰਧੀ ਜਾਣਕਾਰੀ ਅੰਗਰੇਜ਼ੀ ਅਤੇ ਸਪੈਨਿਸ਼ ਭਾਸ਼ਾਵਾਂ ਵਿੱਚ ਛਾਪੀਆਂ ਗਈਆਂ ਹਨ 'ਤੇ ਸਾਰੇ ਪੋਲਿੰਗ ਸਥਾਨਾਂ 'ਤੇ ਉਪਲਬਧ ਹਨ।

ਇਸ ਤੋਂ ਇਲਾਵਾ, ਵੋਟਰ ਦੀ ਸਹਾਇਤਾ ਅਤੇ ਪ੍ਰਤੀਲਿਪੀ ਵੋਟ ਪਰਚੀਆਂ ਪੰਜਾਬੀ, ਹਮੋਂਗ, ਚੀਨੀ, ਵਿਅਤਨਾਮੀ, ਕੋਰੀਆਈ, ਖਮੇਰ ਅਤੇ ਟੈਗਲੋਗ ਭਾਸ਼ਾਵਾਂ ਵਿੱਚ Frenso ਕਾਉਂਟੀ ਵਿੱਚ ਤਹਿ ਕੀਤੇ ਗਏ (ਨਿਰਧਾਰਿਤ) ਪੋਲਿੰਗ ਸਥਾਨਾਂ 'ਤੇ ਉਪਲਬਧ ਹਨ। ਜਿਨ੍ਹਾਂ ਵੋਟਰਾਂ ਨੂੰ ਮਦਦ ਦੀ ਲੋੜ ਹੈ ਉਹ ਵੱਧ ਤੋਂ ਵੱਧ ਦੋ ਵਿਅਕਤੀਆਂ ਨੂੰ ਆਪਣੀ ਵੋਟ ਪਰਚੀ 'ਤੇ ਨਿਸ਼ਾਨ ਲਗਾਉਣ ਵਿੱਚ ਆਪਣੀ ਮਦਦ ਕਰਨ ਲਈ ਪੋਲਿੰਗ ਸਥਾਨ 'ਤੇ ਲਿਆ ਸਕਦੇ ਹਨ। ਡਾਕ-ਰਾਹੀਂ-ਵੋਟ ਪਾਉਣ ਵਾਲਾ ਵੋਟਰ, ਜੋ ਕਿਸੇ ਨਿਰਧਾਰਿਤ ਹੱਦ 'ਚ ਰਹਿੰਦਾ ਹੈ, ਤਾਂ ਉਹ ਵੋਟ ਪਰਚੀ ਦੀ ਪ੍ਰਤੀਲਿਪੀ ਪੰਜਾਬੀ, ਹਮੋਂਗ, ਚੀਨੀ, ਵਿਅਤਨਾਮੀ, ਕੋਰੀਆਈ, ਖਮੇਰ ਅਤੇ ਟੈਗਲੋਗ ਭਾਸ਼ਾਵਾਂ ਵਿੱਚ ਪ੍ਰਾਪਤ ਕਰਨ ਲਈ ਫੋਨ-ਕਾਲ, ਡਾਕ, ਫੈਕਸ ਜਾਂ ਈਮੇਲ ਰਾਹੀਂ ਬੇਨਤੀ ਕਰ ਸਕਦਾ ਹੈ। ਇਹ ਬੇਨਤੀ ਚੋਣ ਅਧਿਕਾਰੀ ਦੁਆਰਾ ਚੋਣ-ਦਿਵਸ ਤੋਂ 7 ਦਿਨਾਂ ਪਹਿਲਾਂ ਪ੍ਰਾਪਤ ਕੀਤੀ ਹੋਣੀ ਚਾਹੀਦੀ ਹੈ। ਤਹਿ ਕੀਤੇ ਗਏ (ਨਿਰਧਾਰਿਤ) ਪੋਲਿੰਗ ਸਥਾਨਾਂ ਦੀ ਸੂਚੀ ਅਤੇ ਭਾਸ਼ਾ ਦੀ ਤਫਸੀਲੀ www.FresnoVote.com 'ਤੇ ਉਪਲਬਧ ਹੈ।